**CLASS : 12th (Sr. Secondary)** **Code No. 3632**

**Series : SS-M/2018**

*ਰੋਲ ਨੰ.* | | | | | | | | | | |

# ਪੰਜਾਬੀ

## PUNJABI

***ACADEMIC/OPEN***

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛਪੇ ਪੰਨਿਆ ਦੀ ਸੰਖਿਆ **7** ਅਤੇ ਪ੍ਰਸ਼ਨ **11** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਸਾਵੇ ਸਾਵੇ ਘਾਹ ਉੱਤੇ, ਗਊਆਂ ਤੇ ਮੱਝੀਆਂ ਦਾ ਚਰਨਾ।
ਸਿਰ ਆਪਣਾ ਨੀਵੇਂ ਕੀਤੇ, ਪਸ਼ੂਆਂ ਦਾ ਚੁੱਪ ਚੁਪੀਤੇ,
ਚੁਗਣਾ ਤੇ ਰੱਜਣਾ ਤੇ ਨੱਸਣਾ। ਦੇਖ-ਦੇਖ ਮੁੜ-ਮੁੜ ਲੋਚਾ,
ਮੈ ਮੁੜ ਪਸ਼ੂ ਥੀਣ ਨੂੰ, ਆਦਮੀ ਬਣ-ਬਣ ਥੱਕਿਆ।

(ਅ) ਖ਼ਤ ਆਵੇਗਾ ਰਾਤ ਬਰਾਤੇ, ਖ਼ਤ ਆਵੇਗਾ ਅੰਮੀ ਦਾ,
ਪੁੱਤਰ ਇਉਂ ਨਹੀਂ ਭੁੱਲ ਜਾਈਦਾ, ਜਿਹੜੀ ਕੁੱਖੋਂ ਜੰਮੀ ਦਾ,
ਖੜਾ ਖੜੋਤਾ ਹਾਲ ਤਾਂ ਪੁੱਛ ਜਾ, ਬੁੱਢੀ ਜਾਨ ਨਿਕੰਮੀ ਦਾ,
ਉਮਰਾਂ ਵਾਂਗੂ ਅੰਤ ਵੀ ਹੁੰਦਾ, ਕਿਸੇ ਉਦਾਸੀ ਲੰਮੀ ਦਾ।

**2.** ਹੇਠ ਲਿਖਿਆਂ ਕਵਿਤਾਵਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਟੁਕੜੀ ਜੱਗ ਤੋ ਨਯਾਰੀ

(ਅ) ਅੰਨਦਾਤਾ

(ੲ) ਕੰਡਿਆਲੀ ਥੋਰ੍ਹ

**3.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) ਰਾਧਾ ਕ੍ਰਿਸ਼ਨ ਜੀ ਦੇ ਸੁਭਾ ਨੂੰ ਕਾਲੇ ਭੌਰ ਵਰਗਾ ਕਿਉਂ ਕਹਿੰਦੀ ਹੈ? 2

(ਅ) 'ਚਿੜੀਆਂ ਦਾ ਚੰਬਾ' ਕਵਿਤਾ ਵਿਚ ਕਿਹੜੇ ਵੇਰਵਿਆਂ ਤੋਂ ਬਾਬਲ ਦੀ ਗਰੀਬੀ ਦਾ ਸੰਕੇਤ ਮਿਲਦਾ ਹੈ? 2

(ੲ) ਤਾਜਮਹੱਲ ਕਵਿਤਾ ਕਿਸ ਕਵੀ ਦੀ ਹੈ ? 1

(i) ਭਾਈ ਵੀਰ ਸਿੰਘ

(ii) ਮੋਹਨ ਸਿੰਘ

(iii) ਪੂਰਨ ਸਿੰਘ

(iv) ਸ਼ਿਵਕੁਮਾਰ ਬਟਾਲਵੀ

(ਸ) ਹਰਿਭਜਨ ਸਿੰਘ ਦੀ ਕਵਿਤਾ ਕਿਹੜੀ ਹੈ ? 1

(i) ਉਸ਼ਾ (ii) ਦਾਗ

(iii) ਧੀ (iv) ਲੂਣਾ

**4.** ਹੇਠ ਲਿਖੇ ਲੇਖਾਂ ਵਿਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਮਲਕ ਭਾਗੋ ਤੇ ਭਾਈ ਲਾਲੋ

(ਅ) ਸਭਿਅਤਾ ਦੇ ਦੋ ਪੱਧਰ

(ੲ) ਬਾਬੇ ਵਰਿਆਮੇ ਦੀ ਦਿੱਬ-ਦ੍ਰਿਸ਼ਟੀ

**5.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) ਲੋਕ ਗੀਤਾਂ ਦੇ ਭੰਡਾਰ ਨੂੰ ਸੰਭਾਲਣ ਦੀ ਕਿਉਂ ਜਰੂਰਤ ਹੈ ? 3

(ਅ) ਬੀਬੀ ਭਾਨੀ ਅਤੇ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੇ ਕੀ ਲਗਦੇ ਸੀ ? 2

(ੲ) ਵੈਦਰ ਕਰਾਫਟ ਕੌਣ ਸੀ ਅਤੇ ਕਿਥੋਂ ਦਾ ਰਹਿਣ ਵਾਲਾ ਸੀ ? 2

(ਸ) 'ਸ਼ੀਸ਼ੇ ਸ਼ਾਹਮਣੇ' ਲੇਖ ਕਿਸ ਦੀ ਰਚਨਾ ਹੈ ? 1

(i) ਪੂਰਨ ਸਿੰਘ

(ii) ਤੇਜਾ ਸਿੰਘ

(iii) ਜੀਤ ਸਿੰਘ ਸ਼ੀਤਲ

(iv) ਗੁਰਬਖਸ਼ ਸਿੰਘ ਪ੍ਰੀਤਲੜੀ

**6.** 'ਸ਼ੋਭਾ-ਸ਼ਕਤੀ' ਨਾਟਕ ਦਾ ਉਦੇਸ਼ ਕੀ ਹੈ? ਸਪਸ਼ਟ ਕਰੋ।

**ਜਾਂ**

'ਸ਼ੋਭਾ-ਸ਼ਕਤੀ' ਨਾਟਕ ਦੇ ਸਿਰਲੇਖ ਬਾਰੇ ਆਪਣੇ ਵਿਚਾਰ ਪੇਸ਼ ਕਰੋ। 7

**7.** ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) ਰਮੇਸ਼ ਅਤੇ ਸ਼ੋਭਾ ਦੇ ਝਗੜੇ ਦਾ ਮੁੱਖ ਕਾਰਨ ਕੀ ਹੈ? 3

(ਅ) ਸ਼ੋਭਾ ਦੇ ਨੂੰਹ-ਪੁੱਤਰ ਦਾ ਕੀ ਨਾਂ ਹੈ? 2

(ੲ) ਸਤੀਸ਼ ਅਤੇ ਸਾਂਤੀ ਸ਼ੋਭਾ ਦੇ ਕੀ ਲਗਦੇ ਹਨ? 2

(ਸ) 'ਸ਼ੋਭਾ-ਸ਼ਕਤੀ' ਨਾਟਕ ਦੇ ਕਿੰਨੇ ਨਾਟ ਹਨ? 1

(i) ਇਕ (ii) ਦੋ

(iii) ਤਿੰਨ (iv) ਚਾਰ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿਚੋਂ ਕਿਸੇ ***ਇਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿਚ ਲਿਖੋ : 7

(ੳ) ਸ਼ੇਖ ਫਰੀਦ

(ਅ) ਦਮੋਦਰ

**9.** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ : $1 \times 13 = 13$

(ੳ) ਗੁਰਬਖਸ਼ ਸਿੰਘ ਨੇ ਕਿਸ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ?

(i) ਕਵਿਤਾ (ii) ਕਹਾਣੀ

(iii) ਨਾਟਕ (iv) ਵਾਰਤਕ

(ਅ) ਬਿਰਹਾ ਦਾ ਕਵੀ ਕੌਣ ਹੈ ?

(i) ਅੰਮ੍ਰਿਤਾ ਪ੍ਰੀਤਮ

(ii) ਭਾਈ ਵੀਰ ਸਿੰਘ

(iii) ਪੂਰਨ ਸਿੰਘ

(iv) ਸ਼ਿਵਕੁਮਾਰ ਬਟਾਲਵੀ

(ੲ) ਅੰਮ੍ਰਿਤਾ ਪ੍ਰੀਤਮ ਦਾ ਜਨਜ ਕਦੋਂ ਹੋਇਆ ?

(i) 1919 (ii) 1920

(iii) 1922 (iv) 1924

(ਸ) 'ਖੁਲ੍ਹੇ ਮੈਦਾਨ' ਕਿਸ ਦਾ ਕਾਵਿ-ਸੰਗ੍ਰਹਿ ਹੈ ?

(i) ਪੂਰਨ ਸਿੰਘ

(ii) ਮੋਹਨ ਸਿੰਘ

(iii) ਬਾਵਾ ਬਲਵੰਤ

(iv) ਧਨੀ ਰਾਮ ਚਾਤ੍ਰਿਕ

(ਹ) ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਕੀ ਹੈ ?

(i) ਖਾਨਾਬਦੋਸ਼

(ii) ਆਰਸੀ

(iii) ਮੰਜਿਲ ਦਿਸ ਪਈ

(iv) ਮੇਰੀ ਜੀਵਨ ਕਹਾਣੀ

(ਕ) 'ਦੁਲਹਨ' ਇਕਾਂਗੀ ਕਿਸ ਦੀ ਰਚਨਾ ਹੈ ?

(i) ਆਈ੦ ਸੀ੦ ਨੰਦਾ

(ii) ਬਲਵੰਤ ਗਾਰਗੀ

(iii) ਹਰਚਰਨ ਸਿੰਘ

(iv) ਆਤਮਜੀਤ

(ਖ) ਬਲਵੰਤ ਗਾਰਗੀ ਦਾ ਦੇਹਾਂਤ ਕਦੋਂ ਹੋਇਆ?

(i) 2002 (ii) 2003

(iii) 2004 (iv) 2005

(ਗ) ਪੰਜਾਬੀ ਨਿੱਕੀ ਕਹਾਣੀ ਨੂੰ ਪੱਛਮੀ ਤਕਨੀਕ ਅਨੁਸਾਰ ਕਿਸਨੇ ਢਾਲਿਆ?

(i) ਅਜੀਤ ਕੌਰ

(ii) ਦਲੀਪ ਕੌਰ ਟਿਵਾਣਾ

(iii) ਸੰਤ ਸਿੰਘ ਸੇਖੋਂ

(iv) ਕਰਤਾਰ ਸਿੰਘ ਦੁੱਗਲ

(ਘ) ਅਜੀਤ ਕੌਰ ਨੂੰ ਕਿਸ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਹੋਈ?

(i) ਕਹਾਣੀ (ii) ਕਵਿਤਾ

(iii) ਨਾਵਲ (iv) ਨਾਟਕ

(ਙ) ਪ੍ਰੋ. ਮੋਹਨ ਸਿੰਘ ਕਿਹੜਾ ਮਾਸਿਕ ਪੱਤਰ ਪ੍ਰਕਾਸ਼ਿਤ ਕਰਦਾ ਰਿਹਾ?

(i) ਪ੍ਰੀਤਲੜੀ (ii) ਨਾਗਮਣੀ

(iii) ਸੰਵੇਦਨਾ (iv) ਪੰਜ ਦਰਿਆ

(ਚ) ਭਾਈ ਵੀਰ ਸਿੰਘ ਦੀ ਕਿਸ ਰਚਨਾ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ?

(i) ਕੰਬਦੀ ਕਲਾਈ

(ii) ਪ੍ਰੀਤ ਵੀਣਾ

(iii) ਮਟਕ ਹੁਲਾਰੇ

(iv) ਮੇਰੇ ਸਾਈਆਂ ਜੀਓ

(ਛ) ਕਰਤਾਰ ਸਿੰਘ ਦੁੱਗਲ ਦਾ ਜਨਮ ਕਦੋਂ ਹੋਇਆ?

(i) 1916 (ii) 1917

(iii) 1919 (iv) 1921

(ਜ) ਸੁਜਾਨ ਸਿੰਘ ਦਾ ਕਹਾਣੀ ਸੰਗ੍ਰਹਿ ਕਿਹੜਾ ਹੈ?

(i) ਸਵੇਰ ਸਾਰ (ii) ਸਮਾਚਾਰ

(iii) ਦੁਖ-ਸੁਖ (iv) ਗੁਲਬਾਨੋ

**10.** ਹੇਠ ਲਿਖਿਆਂ ਸਿਖਿਆਵਾਂ ਵਿਚੋਂ ਕਿਸੇ ***ਇੱਕ*** ਸਿਖਿਆ 'ਤੇ ਅਧਾਰਿਤ ਕਹਾਣੀ ਲਿਖੋ : 5

(ੳ) ਈਮਾਨਦਾਰੀ ਚੰਗੀ ਨੀਤੀ ਹੈ

(ਅ) ਅੰਤ ਭਲੇ ਦਾ ਭਲਾ

**11.** ਹੇਠ ਲਿਖੇ ਪੈਰ੍ਹੇ ਨੂੰ ਸੰਖੇਪ ਕਰਕੇ ਢੁੱਕਵੇਂ ਸਿਰਲੇਖ ਸਹਿਤ ਲਿਖੋ: 5

ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਵੱਧ ਤੋ ਵੱਧ ਚੰਗੀਆ ਪੁਸਤਕਾਂ ਪੜ੍ਹਨ ਅਤੇ ਚੰਗੀਆਂ ਗੱਲਾਂ ਗ੍ਰਹਿਣ ਕਰਨ। ਜਿਹੜੇ ਵਿਦਿਆਰਥੀ ਚੰਗਾ ਸਾਹਿਤ ਪੜ੍ਹਦੇ ਹਨ ਉਹ ਆਰੰਭ ਵਿਚ ਹੀ ਚੰਗੀਆਂ ਆਦਤਾਂ ਅਪਨਾ ਲੈਂਦੇ ਹਨ। ਕਿਉਕਿ ਉਨ੍ਹਾਂ ਦੇ ਸਾਹਮਣੇ ਸੰਸਾਰ ਦੇ ਮਹਾਨ ਮਨੁੱਖਾਂ ਦੇ ਉੱਤਮ ਵਿਚਾਰ ਅਤੇ ਜੀਵਨ ਦੀਆਂ ਉਦਾਹਰਨਾਂ ਹੁੰਦੀਆਂ ਹਨ। ਉਂਝ ਵੀ ਜਿਹਨਾਂ ਵਿਦਿਆਰਥੀਆਂ ਦੇ ਸਾਹਮਣੇ ਅੱਗੇ ਵਧਣ ਅਤੇ ਚੰਗੇ ਮਨੁੱਖਾਂ ਦੇ ਆਦਰਸ਼ ਹੁੰਦੇ ਹਨ ਉਹ ਚੰਗੀਆਂ ਆਦਤਾਂ ਅਪਣਾਉਣ ਵਲ ਤੱਤਪਰ ਰਹਿੰਦੇ ਹਨ। ਉਹਨਾਂ ਨੂੰ ਪਤਾ ਹੁੰਦਾ ਹੈ ਸਫਲ ਮਨੁੱਖ ਬਣਨ ਵਿਚ ਚੰਗੀਆਂ ਆਦਤਾਂ ਹਮੇਸ਼ਾ ਸਹਾਈ ਹੁੰਦੀਆਂ ਹਨ। ਇਸ ਤੋਂ ਇਹ ਧਾਰਨਾ ਵੀ ਨਹੀਂ ਬਣਾ ਲੈਣੀ ਚਾਹੀਦੀ ਕਿ ਜਿਹਨਾਂ ਨੂੰ ਭੈੜੀਆਂ ਆਦਤਾਂ ਪੈ ਜਾਂਦੀਆਂ ਹਨ ਉਹ ਇਹਨਾਂ ਤੋਂ ਕਦੇ ਛੁਟਕਾਰਾ ਨਹੀਂ ਪਾ ਸਕਦੇ। ਜੇ ਬੁਰੀ ਆਦਤ ਪ੍ਰਤੀ ਘਿਰਣਾ ਪੈਦਾ ਹੋ ਜਾਵੇ, ਮਾੜੀ ਸੰਗਤ ਦੀ ਥਾਂ ਚੰਗੀ ਸੰਗਤ ਵਿਚ ਪਿਆ ਜਾਵੇ ਅਤੇ ਜੀਵਨ ਨੂੰ ਚੰਗੇਰਾ ਬਣਾਉਣ ਦੀ ਇੱਛਾ ਹੋਵੇ ਤਾਂ ਕੋਈ ਵੀ ਆਦਤ ਕਦੇ ਵੀ ਬਦਲੀ ਜਾ ਸਕਦੀ ਹੈ।